بِسۡمِ اللّٰہِ الرَّحۡمٰنِ الرَّحِیۡمِ      نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ      وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 19.10.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਇਕ ਪ੍ਰਕਾਰ ਦਾ ਸ਼ਿਰਕ (ਅਨੇਕ ਈਸ਼ਵਰਵਾਦ) ਗੁਪਤ ਰੂਪ ਵਿੱਚ ਵਿਸ਼ ਵਾਂਗ ਪ੍ਰਭਾਵ ਪਾ ਰਿਹਾ ਹੈ ਅਤੇ ਉਹ ਇਹ ਹੈ ਕਿ ਰੱਬ ਉਪੱਰ ਭਰੋਸਾ ਅਤੇ ਆਸਥਾ ਬਿਲਕੁਲ ਨਹੀਂ ਰਹੀ, ਅਸਥਾਬਾਂ ਅਤੇ ਹੋਰਨਾ ਚੀਜਾਂ ਉਪੱਰ ਰੱਬ ਦੀ ਤੁਲਨਾ ਵਿੱਚ ਬਹੁਤਾ ਭਰੋਸਾ ਹੈ ਆਪਣੀਆਂ ਨੌਕਰੀਆਂ ਆਪਣੇ ਕਾਰੋਬਾਰ ਅਤੇ ਸੰਸਾਰਕ ਰੁਝੇਵਿਆਂ ਵੱਲ ਬਹੁਤਾ ਧਿਆਨ ਹੈ ਅਤੇ ਇਹੋ ਕਾਰਣ ਹੈ ਕਿ ਨਮਾਜ਼ਾਂ ਵੱਲ ਧਿਆਨ ਨਹੀਂ ਹੈ, ਮਸਜਿਦਾਂ ਆਬਾਦ ਕਰਨ ਵੱਲ ਧਿਆਨ ਨਹੀਂ ਹੈ

ਸੋ, ਸਾਨੂੰ ਇਹ ਦੁਆ ਕਰਨੀ ਚਾਹੀਦੀ ਹੈ, ਰੱਬ ਤੋਂ ਇਹ ਵਿਨਮ੍ਰਤਾ ਪੂਰਵਕ ਮੰਗਣਾ ਚਾਹੀਦਾ ਹੈ ਕਿ ਹੇ, ਖ਼ੁਦਾ ਸਾਨੂੰ ਕਾਮਲ ਮੋਮਨ ਬੰਦਾ ਬਣਾ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ**
**19 ਅਕਤੂਬਰ 2018 ਈ. ਨੂੰ ਬੈਅਤੁਲ ਆਫ਼ੀਯਤ, ਫ਼ਲਾਡਲਫ਼ੀਯਾ, ਅਮਰੀਕਾ ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

اِنَّمَا یَعۡمُرُ مَسٰجِدَ اللّٰہِ مَنۡ اٰمَنَ بِاللّٰہِ وَالۡیَوۡمِ الۡاٰخِرِ وَاَقَامَ الصَّلٰوۃَ وَاٰتَی الزَّکٰوۃَ وَلَمۡ یَخۡشَ اِلَّا اللّٰہَ فَعَسٰۤی اُولٰٓئِکَ اَنۡ یَّکُوۡنُوۡا مِنَ الۡمُہۡتَدِیۡنَ۔

ਫ਼ਰਮਾਇਆ : ਇਸ ਆਇਤ ਦਾ ਅਰਥ ਇਹ ਹੈ ਕਿ ਰੱਬ ਦੀ ਮਸਜਿਦ ਤਾਂ ਉਹੋ ਵਸਾਉਂਦਾ ਹੈ ਜੋ ਰੱਬ ਉਪੱਰ ਇਮਾਨ ਲਿਆਏ ਅਤੇ ਯੌਮੇ ਆਖ਼ਰਤ (ਪਰਲੈ ਦੇ ਦਿਨ) ਉਪੱਰ । ਅਤੇ ਨਮਾਜ਼ ਕਾਇਮ ਕਰੇ ਅਤੇ ਜ਼ਕਾਤ ਦੇਵੇ ਅਤੇ ਰੱਬ ਤੋਂ ਬਿਨਾ ਕਿਸੇ ਦਾ ਖ਼ੌਫ਼ ਨ ਖਾਏ, ਇਉਂ ਨੇੜੇ ਹੈ ਕਿ ਇਹ ਲੋਕ ਸੁਮਾਰਗ ਪ੍ਰਾਪਤ ਲੋਕਾਂ ਵਿੱਚ ਗਿਣੇ ਜਾਣ ।

ਅਲਹਮਦੁਲਿਲੱਾਹ, ਰੱਬ ਨੇ ਸਾਨੂੰ ਇਸ ਸ਼ਹਿਰ ਵਿੱਚ ਪਹਿਲੀ ਮਸਜਿਦ ਬਨਾਉਣ ਦਾ ਸੰਜੋਗ ਪ੍ਰਦਾਨ ਕੀਤਾ ਹੈ ਅਤੇ ਅੱਜ ਇਸ ਦਾ ਉਧਘਾਟਨ ਹੈ । ਸੰਸਾਰਕ ਇਮਾਰਤਾਂ ਜਾਂ ਉਹ ਇਮਾਰਤਾਂ ਜੋ ਸੰਸਾਰਕ ਲਾਭ ਲਈ

ਉਸਾਰੀਆਂ ਜਾਂਦੀਆਂ ਹਨ, ਉਹਨਾ ਦੇ ਉਧਘਾਟਨ ਸਮੇਂ ਸਾਧਾਰਣ ਤੌਰ'ਤੇ ਦੁਨੀਆਵੀ ਤੇ ਪ੍ਰਦਰਸ਼ਨਿਕ ਖ਼ੁਸ਼ੀਆਂ ਦਾ ਪ੍ਰਗਟਾਵਾ ਹੁੰਦਾ ਹੈ ਅਤੇ ਇਸ ਅਤੇ ਇਹ ਐਲਾਨ ਹੁੰਦੇ ਹਨ ਕਿ ਇਸ ਤੋਂ ਅਸੀਂ ਇਹ ਸੰਸਾਰਕ ਲਾਭ ਉਠਾਵਾਂਗੇ ਅਤੇ ਉਹ ਲਾਭ ਉਠਾਵਾਂਗੇ, ਪਰ ਜੱਦ ਅਸੀਂ ਮਸਜਿਦ ਦਾ ਉਧਘਾਟਨ ਕਰਦੇ ਹਾਂ, ਜੱਦ ਅਸੀਂ ਮਸਜਿਦ ਉਸਾਰਦੇ ਹਾਂ ਤਾਂ ਇਸ ਸੋਚ ਨਾਲ ਕਰਦੇ ਹਾਂ ਕਿ ਰੱਬ ਦੀ ਰਜ਼ਾ ਹਾਸਲ ਕਰਨੀ ਹੈ । ਰੱਬ ਦੀ ਰਜ਼ਾ ਹਾਸਲ ਕਰਨ ਲਈ ਉਹਨਾ ਗਲੱਾਂ ਦਾ ਕਰਨਾ ਜ਼ਰੂਰੀ ਹੈ ਜਿੰਨ੍ਹਾ ਦੇ ਕਰਨ ਲਈ ਰੱਬ ਨੇ ਆਦੇਸ਼ ਦਿੱਤੇ ਹਨ ਅਤੇ ਇਸ ਵਿੱਚ ਸਭ ਤੋਂ ਪਹਿਲਾ ਅਤੇ ਸਭ ਤੋਂ ਮੋਹਰਾ ਉਦੇਸ਼ ਰੱਬ ਦੀ ਇਬਾਦਤ ਦਾ ਹੱਕ ਪੂਰਾ ਕਰਨਾ ਹੈ ਅਤੇ ਇਸ ਪ੍ਰਕਾਰ ਹੱਕ ਪੂਰਾ ਕਰਨਾ ਜਿਵੇਂ ਰੱਬ ਨੇ ਸਾਨੂੰ ਦੱਸਿਆ ਹੈ ।

ਫਿਰ ਫ਼ਰਮਾਇਆ ਕਿ ਜ਼ਕਾਤ ਦੇਣ ਵਾਲੇ ਹਨ । ਧਰਮ ਖ਼ਾਤਰ ਕੁਰਬਾਨੀਆਂ ਕਰਨ ਵਾਲੇ ਹਨ ਅਤੇ ਰੱਬ ਦੀ ਮਖ਼ਲੂਕ ਦੀ ਬਿਹਤਰੀ ਲਈ ਉਹਨਾ ਦੇ ਹੱਕ ਪੂਰੇ ਕਰਨ ਲਈ ਕੁਰਬਾਨੀਆਂ ਕਰਨ ਵਾਲੇ ਹੋਣ । ਸੋ, ਇਹ ਕੋਈ ਸਾਧਰਣ ਜ਼ਿੱਮੇਦਾਰੀ ਨਹੀਂ ਹੈ ਜੋ ਇਕ ਮੋਮਿਨ ਮੁਸਲਮਾਨ ਦੀ ਹੈ ਅਤੇ ਇਸ ਮਸਜਿਦ ਦੇ ਬਣਨ ਦੇ ਬਾਦ ਏਥੇ ਆਉਣ ਵਾਲਿਆਂ ਜਾਂ ਇਸ ਮਸਜਿਦ ਨਾਲ ਆਪਣੇ ਆਪ ਨੂੰ ਜੋੜਨ ਵਾਲਿਆਂ ਦੀ ਜ਼ਿੱਮੇਦਾਰੀਆਂ ਪਹਿਲਾਂ ਤੋਂ ਵੱਧ ਗਈਆਂ ਹਨ । ਆਪ ਨੇ ਆਪਣੀਆਂ ਇਬਾਦਤਾਂ ਦੇ ਹੱਕ ਹੱਕ ਵੀ ਪੂਰੇ ਕਰਨੇ ਹਨ ਅਤੇ ਰੱਬ ਦੀ ਮਖ਼ਲੂਕ ਦੇ ਹੱਕ ਵੀ ਪੂਰੇ ਕਰਨੇ ਹਨ । ਫਿਰ ਹੀ ਰੱਬ ਦੇ ਨੇੜੇ ਹਿਦਾਇਤ ਪ੍ਰਾਪਤ ਲੋਕਾਂ ਵਿੱਚ ਗਿਣੇ ਜਾਣ ਵਾਲਿਆਂ ਵਿੱਚ ਹੋਣਗੇ । ਫਿਰ ਹੀ ਉਹਨਾ ਲੋਕਾਂ ਵਿੱਚ ਗਿਣੇ ਜਾਣਗੇ ਜਿੰਨ੍ਹਾ ਉਪੱਰ ਰੱਬ ਦੀ ਪ੍ਰੇਮ ਭਰੀ ਨਿਗਾਹ ਪੈਂਦੀ ਹੈ । ਇਸ ਆਇਤ ਤੋਂ ਪਹਿਲੇ ਦੀ ਆਇਤ ਵਿੱਚ ਰੱਬ ਨੇ ਇਹ ਬਿਆਨ ਕੀਤਾ ਹੈ ਕਿ ਮੁਸ਼ਰਕਾਂ ਨੂੰ ਕੋਈ ਹੱਕ ਨਹੀਂ ਪਹੁੰਚਦਾ ਕਿ ਉਹ ਮਸਜਿਦ ਦੀ ਉਸਾਰੀ ਕਰਨ ਜਾਂ ਉਹਨਾ ਦੀ ਵੱਸੋ ਕਰਨ, ਉਹਨਾਂ ਦੇ ਦਿਲ ਤਾਂ ਅਨੇਕ ਈਸ਼ਵਰ ਨਾਲ ਭਰੇ ਪਏ ਹਨ ਅਤੇ ਜਿਸ ਦਾ ਦਿਲ ਅਨੇਕ ਈਸ਼ਵਰਵਾਦ ਨਾਲ ਭਰਿਆ ਹੋਵੇ ਉਹ ਰੱਬ ਦਾ ਹੱਕ ਪੂਰਾ ਕਰ ਹੀ ਨਹੀਂ ਸਕਦੇ, ਨ ਹੀ ਰੱਬ ਦੀ ਮਖ਼ਲੂਕ ਦੇ ਹੱਕ ਪੂਰੇ ਕਰ ਸਕਦੇ ਹਨ ਅਤੇ ਸ਼ਿਰਕ ਵੀ ਕਈ ਪ੍ਰਕਾਰ ਦਾ ਹੁੰਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਫ਼ਰਮਾਇਆ ਕਿ ਇਕ ਤਾਂ ਮੋਟਾ ਸ਼ਿਰਕ ਹੈ ਜਿਸ ਵਿੱਚ ਕਿਸੇ ਮਨੁੱਖ ਜਾਂ ਪਥੱਰ ਅਤੇ ਨਿਰਜੀਵ ਚੀਜਾਂ ਜਾਂ ਸ਼ਕਤੀਆਂ ਜਾਂ ਖ਼ਿਆਲੀ ਦੇਵੀਆਂ ਜਾਂ ਦੇਵਤਾਵਾਂ ਨੂੰ ਰੱਬ ਬਣਾਇਆ ਜਾਂਦਾ ਹੈ । ਇਕ ਹੋਰ ਪ੍ਰਕਾਰ ਦਾ ਸ਼ਿਰਕ ਹੈ ਜੋ ਗੁਪਤ ਰੂਪ ਵਿੱਚ ਵਿਸ਼ ਵਾਂਗ ਅਸਰ ਕਰ ਰਿਹਾ ਹੈ ਅਤੇ ਉਹ ਸ਼ਿਰਕ ਇਸ ਯੁੱਗ ਵਿੱਚ ਬਹੁਤ ਵਧੱਦਾ ਜਾਂਦਾ ਹੈ ਅਤੇ ਉਹ ਇਹ ਹੈ ਕਿ ਰੱਬ ਉਪੱਰ ਭਰਸਾ ਤੇ ਵਿਸ਼ਵਾਸ ਉਕੱਾ ਹੀ ਨਹੀਂ ਰਿਹਾ ਅਤੇ ਇਸ ਗੱਲ ਦੀ ਆਪ ਅਲੈਹਿ ਸਲਾਮ ਨੇ ਇਹ ਵਿਆਖਿਆ ਕੀਤੀ ਕਿ ਅਸਬਾਬ ਤੇ ਦੂਜੀਆਂ ਚੀਜਾਂ ਉਪੱਰ ਰੱਬ ਦੀ ਤੁਲਨਾ ਵਿੱਚ ਬਹੁਤਾ ਭਰੋਸਾ ਹੈ । ਆਪਣੀਆਂ ਨੌਕਰੀਆਂ ਆਪਣੇ ਕਾਰੋਬਾਰ ਆਪਣੇ ਸੰਸਾਰਕ ਰੁਝੇਵਿਆਂ ਵੱਲ ਬਹੁਤਾ ਧਿਆਨ ਹੈ ਅਤੇ ਇਹੋ ਕਾਰਣ ਹੈ ਕਿ ਨਮਾਜਾਂ ਵੱਲ ਧਿਆ ਨਹੀਂ ਹੈ, ਮਸਜਿਦਾਂ ਆਬਾਦ ਕਰਨ ਵੱਲ ਧਿਆਨ ਨਹੀਂ ਹੈ । ਸੋ, ਸਾਨੂੰ ਦੁਆ ਕਰਨੀ ਚਾਹੀਦੀ ਹੈ ਰੱਬ ਤੋਂ ਵਿਨਮ੍ਰਤਾ ਪੂਰਨ ਢੰਗ ਨਾਲ ਮੰਗਣਾ ਚਾਹੀਦਾ ਹੈ ਕਿ ਹੇ, ਖ਼ੁਦਾ ਸਾਨੂੰ ਕਾਮਲ ਮੋਮਨ ਬੰਦਾ ਬਣਾ । ਅਸੀਂ ਕੇਵਲ ਇਸ ਗੱਲ'ਤੇ ਨ ਖ਼ੁਸ਼ ਨ ਹੋ ਜਾਈਏ ਕਿ ਅਸੀਂ ਇਕ ਬਹੁਤ ਵੱਡੀ ਤੇ ਖ਼ੂਬਸੂਰਤ ਮਸਜਿਦ ਫ਼ਲਾਡਲਫ਼ੀਆ ਵਿੱਚ ਬਣਾ ਦਿੱਤੀ ਹੈ ਸਗੋਂ ਇਸ ਦਾ ਹੱਕ ਪੂਰਾ ਕਰਦਿਆਂ ਹੋਇਆਂ ਜੱਦ ਰੱਬ ਦੀ ਹਜ਼ੂਰੀ ਵਿੱਚ ਹਾਜ਼ਰ ਹੋਈਏ ਤਾਂ ਇਹ ਸੁਣਨ ਵਾਲੇ ਹੋਈਏ ਕਿ ਇਹ ਉਹ ਲੋਕ ਹਨ ਜਿੰਨ੍ਹਾ ਨੇ ਮਸਜਿਦਾਂ ਰੱਬ ਖ਼ਾਤਰ ਬਣਾਈਆਂ ਹਨ ਅਤੇ ਫਿਰ ਇਸ ਦਾ ਹੱਕ ਪੂਰਾ ਕਰਨ ਦਾ ਜਤਨ ਵੀ ਕੀਤਾ ਹੈ । ਸੋ, ਇਸ ਸੋਚ ਨੂੰ ਸਾਨੂੰ ਆਪਣੇ ਅੰਦਰ ਪੈਦਾ ਕਰਨ ਦਾ ਜਤਨ ਕਰਨਾ ਚਾਹੀਦਾ ਹੈ । ਜੱਦ ਇਹ ਸੋਚ

ਹੋਵੇਗੀ ਅਤੇ ਇਸ ਲਈ ਜਤਨ ਹੋਵੇਗਾ ਤਾਂ ਇਸ ਮਸਜਿਦ ਦੀਆਂ ਮਿਹਰਾਂ ਤੇ ਰਹਿਮਤਾਂ ਅਸੀਂ ਇਸ ਦੁਨੀਆ ਵਿੱਚ ਅਨੁਭਵ ਕਰਾਂਗੇ । ਸਾਡੀਆਂ ਸੰਤਾਨਾ ਅਤੇ ਨਸਲਾਂ ਵੀ ਧਰਮ ਨਾਲ ਜੁੜੀਆਂ ਹੋਈਆਂ ਹੋਣਗੀਆਂ ਅਤੇ ਅਸੀਂ ਰੱਬ ਦੇ ਸੰਦੇਸ਼ ਨੂੰ ਵੀ ਇਸ ਖੇਤਰ ਅਤੇ ਇਸ ਸ਼ਹਿਰ ਵਿੱਚ ਫੈਲਾਉਣ ਵਾਲੇ ਹੋਵਾਂਗੇ । ਤੌਹੀਦ (ਇਕਈਸ਼ਵਰਵਾਦ) ਨੂੰ ਦੁਨੀਆ ਵਿੱਚ ਕਾਇਮ ਕਰਨ ਵਾਲੇ ਹੋਵਾਂਗੇ ਅਤੇ ਹਜ਼ਰਤ ਮੁਹਮੱਦ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਮ ਦੇ ਝੰਡੇ ਨੂੰ ਇਸ ਦੁਨੀਆ ਵਿੱਚ ਲਹਿਰਾਉਣ ਵਾਲੇ ਹੋਵਾਂਗੇ ।

ਹਜ਼ਰਤ ਮਸੀਹ ਮੌਊਦ ਆਲੈਹਿ ਸਲਾਮ ਨੇ ਮਸਜਿਦਾਂ ਦੀ ਉਸਾਰੀ ਦਾ ਇਕ ਉਦੇਸ਼ ਇਹ ਵੀ ਬਿਆਨ ਕੀਤਾ ਹੈ ਕਿ ਜਿਸ ਖੇਤਰ ਵਿੱਚ ਇਸਲਾਮ ਦੀ ਹਕੀਕੀ ਸਿੱਖਿਆ ਅਤੇ ਹਕੀਕੀ ਸੰਦੇਸ਼ ਪਹੁੰਚਾਉਣਾ ਚਾਹੁੰਦੇ ਹੋ ਤਾਂ ਉੱਥੇ ਮਸਜਿਦ ਬਣਾ ਦਿਓ । ਆਪ ਨੇ ਫ਼ਰਮਾਇਆ ਕਿ ਇਸ ਸਮੇਂ ਸਾਡੀ ਜਮਾਤ ਨੂੰ ਮਸਜਿਦਾਂ ਦੀ ਬਹੁਤ ਲੋੜ ਹੈ । ਇਹ ਰੱਬ ਦਾ ਘਰ ਹੁੰਦਾ ਹੈ ਜਿਸ ਪਿੰਡ ਜਾਂ ਸ਼ਹਿਰ ਵਿੱਚ ਸਾਡੀ ਜਮਾਤ ਦੀ ਮਸਜਿਦ ਕਾਇਮ ਹੋ ਗਈ ਤਾਂ ਸਮਝੋ ਕਿ ਜਮਾਤ ਦੀ ਤਰੱਕੀ ਦੀ ਨੀਂਹ ਪੈ ਗਈ ਜੇਕਰ ਕੋਈ ਅਜਿਹਾ ਪਿੰਡ ਜਾਂ ਸ਼ਹਿਰ ਹੋਵੇ ਜਿੱਥੇ ਮੁਸਲਮਾਨ ਘੱਟ ਹੋਣ ਜਾਂ ਨ ਹੋਣ ਅਤੇ ਉੱਥੇ ਇਸਲਾਮ ਦੀ ਤਰੱਕੀ ਕਰਨੀ ਹੋਵੇ ਤਾਂ ਇਕ ਮਸਜਿਦ ਬਣਾ ਦੇਣੀ ਚਾਹੀਦੀ ਹੈ ਫਿਰ ਰੱਬ ਆਪ ਮੁਸਲਮਾਨਾਂ ਨੂੰ ਖਿੱਚ ਲਿਆਏਗਾ । ਪਰ ਸ਼ਰਤ ਇਹ ਹੈ ਕਿ ਮਸਜਿਦ ਦੀ ਉਸਾਰੀ ਵਿੱਚ ਨੀਯੱਤ ਨੇਕ ਹੋਵੇ । ਫ਼ਰਮਾਇਆ ਕਿ ਕੇਵਲ ਰੱਬ ਖ਼ਾਤਰ ਕੀਤਾ ਜਾਵੇ ਅਰਥਾਤ ਮਸਜਿਦ ਦੀ ਉਸਾਰੀ ਦਾ ਕੰਮ ਕੇਵਲ ਰੱਬ ਖ਼ਾਤਰ ਕੀਤਾ ਜਾਵੇ । ਭੌਤਕ ਉਦੇਸ਼ ਜਾਂ ਸ਼ਰਾਰਤ ਦਾ ਉਕੱਾ ਹੀ ਦਖ਼ਲਾ ਨ ਹੋਵੇ ਤਾਂ ਰੱਬ ਫਿਰ ਬਰਕਤਾਂ ਵੀ ਦੇਵੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਇਹ ਗੱਲ ਸਾਨੂੰ ਹਮੇਸ਼ਾ ਸੰਮੁੱਖ ਰਖੱਣੀ ਚਾਹੀਦੀ ਹੈ ਕਿ ਮਸਜਿਦ ਅਸੀਂ ਬਣਾਉਂਦੇ ਹਾਂ, ਮਸਜਿਦ ਖ਼ਾਤਰ ਅਸੀਂ ਜੇਕਰ ਆਰਥਕ ਕੁਰਬਾਨੀ ਵੀ ਕਰਦੇ ਹਾਂ ਤਾਂ ਇਸ ਵਿੱਚ ਕੋਈ ਦਿਖਾਵਾ ਨ ਹੋਵੇ ਸਗੋਂ ਸਾਫ਼ ਨੀਯਤ ਹੋਵੇ ਕਿ ਮਸਜਿਦ ਬਣੇਗੀ ਤਾਂ ਅਸੀਂ ਵੀ ਇਬਾਦਤ ਦਾ ਹੱਕ ਪੂਰਾ ਕਰਨ ਵਾਲੇ ਹੋਵਾਂਗੇ ਸਾਡੀਆਂ ਨਸਲਾਂ ਵੀ ਸੁਰੱਖਿਅਤ ਹੋਣਗੀਆਂ ਅਤੇ ਧਰਮ ਨਾਲ ਜੁੜੀਆਂ ਰਹਿਣਗੀਆਂ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਮਸਜਿਦ ਦੀ ਉਸਾਰੀ ਅਤੇ ਵੱਸੋਂ ਦੇ ਨਾਲ ਇਕ ਹੋਰ ਵੱਡੀ ਜ਼ਿੰਮੇਦਾਰੀ ਵੀ ਇੱਥੇ ਦੇ ਰਹਿਣ ਵਾਲਿਆਂ ਉਪੱਰ ਵੱਧ ਗਈ ਹੈ ਕਿ ਇਸ ਸ਼ਹਿਰ ਵਿੱਚ ਇਸਲਾਮ ਦੇ ਪ੍ਰਚਾਰ ਦਾ ਸਾਧਨ ਇਸ ਮਸਜਿਦ ਨੂੰ ਬਣਾ ਦੇਣ । 1920 ਈ. ਵਿੱਚ ਜੱਦ ਹਜ਼ਰਤ ਮੁਫ਼ਤੀ ਮੁਹਮੱਦ ਸਾਦਕ ਸਾਹਬ ਪ੍ਰਚਾਰਕ ਦੇ ਰੂਪ ਵਿੱਚ ਅਮਰੀਕਾ ਆਏ ਸਨ ਤਾਂ ਇੱਥੇ ਫ਼ਲਾਡਲਫ਼ੀਆ ਦੀ ਬੰਦਰਗਾਹ ਉਪੱਰ ਉਤਰੇ ਸਨ ਪਰੰਤੂ ਆਪ ਨੂੰ ਦੇਸ਼ ਵਿੱਚ ਦਾਖ਼ਲ ਨਹੀਂ ਹੋਣ ਦਿਤੱਾ ਗਿਆ, ਇਸ ਦੀ ਆਗਿਆ ਨਹੀਂ ਮਿਲੀ । ਉਸ ਸਮੇਂ ਉਹਨਾਂ ਨੂੰ ਇਕ ਘਰ ਵਿੱਚ ਕੈਦ ਕਰ ਦਿਤੱਾ ਗਿਆ । ਉੱਥੇ ਹੋਰ ਵੀ ਕੈਦੀ ਸਨ । ਉੱਥੇ ਆਪ ਦੇ ਪ੍ਰਚਾਰ ਕਰਨ ਕਰਕੇ ਦੋ ਮਹੀਨੇ ਵਿੱਚ ਪੰਦਰਾਂ ਕੈਦੀਆਂ ਨੇ ਇਸਲਾਮ ਕੁਬੂਲ ਕਰ ਲਿਆ । ਪ੍ਰਚਾਰ ਦੇ ਨਾਲ ਨਾਲ ਉਹਨਾਂ ਦਾ ਅਮਲੀ ਨਮੂਨਾ ਵੀ ਸੀ ਉਹਨਾ ਦਾ ਤਕਵਾ (ਸੰਜਮਤਾ) ਵੀ ਸੀ, ਉਹਨਾਂ ਦੀਆਂ ਦੁਆਵਾਂ ਵੀ ਸਨ । ਸੋ, ਇਹ ਵੀ ਜ਼ਰੂਰੀ ਹੈ ਚੀਜ਼ ਹੈ ਪ੍ਰਚਾਰ ਦੇ ਨਾਲ ਅਤੇ ਫਿਰ ਆਪਦੇ ਇੱਥੇ ਰਹਿੰਦਿਆਂ ਹੋਇਆਂ ਕਿਹਾ ਜਾਂਦਾ ਹੈ ਕਿ ਪੰਜ ਛੇ ਹਜ਼ਾਰ ਅਹਮਦੀ ਹੋਏ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਉਸ ਸਮੇਂ ਇਹ ਫ਼ਰਮਾਇਆ ਸੀ ਕਿ ਜੇਕਰ ਇਹੋ ਬੈਅਤਾਂ ਦੀ ਦਰ ਰਹੀ ਤਾਂ ਕੁਝ ਦਹਾਈਆਂ ਵਿੱਚ ਲਖੱਾਂ ਤੱਕ ਪਹੁੰਚ ਸਕਦੀ ਹੈ । ਬਹਿਰਹਾਲ ਉਹ ਟਾਰਗਟ ਤਾਂ ਹਾਸਲ ਨਹੀਂ ਹੋ ਸਕਿਆ ਜੋ ਵੀ ਰੁਕਾਵਟਾਂ ਸਨ ਜਾਂ ਹਾਲਾਤ ਸਨ ਜਾਂ ਜੋ ਸਾਡੀਆਂ ਕਮਜ਼ੋਰੀਆਂ ਸਨ, ਪਰੰਤ ਹੁਣ ਮੌਕਾ ਹੈ ਕਿ ਅਸੀਂ ਇਕ ਨਿਸ਼੍ਚੇ ਨਾਲ ਇਸ ਦਾ ਜਤਨ ਕਰੀਏ । ਸਗੋਂ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਯੁੱਗ ਵਿੱਚ

ਵੀ ਏਥੇ ਸੰਦੇਸ਼ ਪਹੁੰਚ ਗਿਆ ਸੀ, ਜਿਸ ਦਾ ਵਰਨਣ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੀ ਕਿਤਾਬ ਬ੍ਰਾਹੀਨ ਅਹਮਦੀਆ ਵਿੱਚ ਕੀਤਾ ਹੈ । ਸੋ, ਡਾਕਟਰ ਏ. ਜਾਰਜ ਬੀਕਰ (ਨੰਬਰ 404, ਸਿਸਕੇਹਾਨਾ ਐਵਨਿਊ) ਫ਼ਲਾਡਲਫ਼ੀਆ ਅਮਰੀਕਾ, ਮੈਗ਼ਜ਼ੀਨ ਰੀਵੀਊ ਆਫ਼ ਰਿਲੀਜੰਜ਼ ਵਿੱਚ ਮੇਰਾ ਨਾਂ ਤੇ ਵਰਨਣ ਪੜ੍ਹਕੇ ਆਪਣੇ ਪਤੱਰ ਵਿੱਚ ਇਹ ਸ਼ਬਦ ਲਿਖੱਦੇ ਹਨ । ਮੈਂਨੂੰ ਆਪ ਦੇ ਇਮਾਮ ਦੇ ਵਿਚਾਰਾਂ ਨਾਲ ਪੂਰੀ ਸਹਿਮਤੀ ਹੈ । ਉਹਨਾਂ ਨੇ ਇਸਲਾਮ ਨੂੰ ਠੀਕ ਉਨਿ ਰੂਪ ਵਿੱਚ ਦੁਨੀਆ ਦੇ ਸਾਹਮਣੇ ਪੇਸ਼ ਕੀਤਾ ਹੈ ਜਿਸ ਰੂਪ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਪੇਸ਼ ਕੀਤਾ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜ ਤੋਂ ਲਗਭਗ ਸੌ ਸਾਲ ਪਹਿਲਾਂ ਇੱਥੇ ਅਹਮਦੀਅਤ ਆਈ ਹੈ ਅਤੇ ਹੁਣ ਜੱਦ ਕਿ ਰੱਬ ਨੇ ਇਸ ਸ਼ਹਿਰ ਵਿੱਚ ਸਾਨੂੰ ਇਕ ਸੁੰਦਰ ਮਸਜਿਦ ਬਨਾਉਣ ਦਾ ਸੰਜੋਗ ਪ੍ਰਦਾਨ ਕੀਤਾ ਹੈ ਤੇਹ ਇਸ ਰਾਹੀਂ ਹੁਣ ਇਕ ਨਵੇਂ ਨਿਸ਼ਚੇ ਨਾਲ ਇੱਥੇ ਜਮਾਤ ਨੰ ਪ੍ਰਚਾਰ ਦੇ ਅਜਿਹੇ ਪ੍ਰੋਗਰਾਮ ਬਨਾਉਣੇ ਚਾਹੀਦੇ ਹਨ ਜਿਸ ਨਾਲ ਇਸਲਾਮ ਦੀ ਸੁੰਦਰ ਸਿੱਖਿਆ ਅਤੇ ਸੰਦੇਸ਼ ਹਰ ਪਾਸੇ ਫੈਲ ਜਾਏ ਅਤੇ ਇਹ ਖੇਤਰ ਅਮਨ ਸ਼ਾਂਤੀ ਤੇ ਸੁੰਦਰਤਾ ਦੇ ਪੱਖੋਂ ਅਜਿਹਾ ਖੇਤਰ ਬਣ ਜਾਏ ਕਿ ਲੋਕ ਜਤਨ ਕਰਕੇ ਇਸ ਖੇਤਰ ਵਿੱਚ ਆਣਕੇ ਵੱਸੋਂ ਦੇ ਇਛੁੱਕ ਹੋਣ । ਅਬਾਦੀ ਦੇ ਪੱਖੋਂ ਇਹ ਸ਼ਹਿਰ ਅਮਰੀਕਾ ਦਾ ਛੇਵਾਂ ਵਡੱਾ ਸ਼ਹਿਰ ਹੈ । ਜੇਕਰ ਇਸ ਸ਼ਹਿਰ ਵਿੱਚ ਅਤੇ ਇਸਦੇ ਆਲ੍ਹੇ ਦੁਆਲੇ ਦੇ ਖੇਤਰ ਵਿੱਚ ਇਸਲਾਮ ਦਾ ਸਹੀ ਸੰਦੇਸ਼ ਪਹੁੰਚਾਇਆ ਜਾਏ ਤਂ ਇਹਨਾਂ ਲੋਕਾਂ ਵਿੱਚੋਂ ਹੀ ਉਹ ਲੋਕ ਪੈਦਾਹੋਣਗੇ ਜੋ ਇੰਸ਼ਾਅਲੱਾਹ ਸਹੀ ਆਬਦ ਅਤੇ ਮਸਜਿਦਾਂ ਨੂੰ ਸਹੀ ਆਬਾਦ ਕਰਨ ਵਾਲੇ ਹੋਣਗੇ ਅਤੇਰੱਬ ਦਾ ਖ਼ੌਫ਼ ਰਖੱਣ ਵਾਲੇ ਹੋਣਗੇ ਅਤੇ ਸੁਮਾਰਗ ਪ੍ਰਾਪਤ ਲੋਕ ਹੋਣਗੇ ।

ਸੋ, ਹਰ ਮਸਜਿਦ ਜੋ ਅਸੀਂ ਬਣਾਉਂਦੇ ਹਾਂ ਸਾਡੇ ਲਈ ਬਹੁਤ ਵਡੱਾ ਚੈਲੰਜ ਲੈਕੇ ਆਉਂਦੀ ਹੈ ਕਿ ਆਪਣੀਆਂ ਹਾਲਤਾਂ ਨੂੰ ਵੀ ਦੁਰੁਸਤ ਕਰਨਾ ਹੈ, ਰੱਬ ਨਾਲ ਸੰਬੰਧ ਵਿੱਚ ਵੀ ਅਤੇ ਅਮਲੀ ਰੂਪ ਵਿੱਚ ਵੀਆਪਣੀਆਂ ਹਾਲਤਾਂ ਨੂੰ ਚੰਗਾ ਬਨਾਉਂਣਾ ਹੈ ਅਤੇ ਪ੍ਰਚਾਰ ਦੇ ਖੇਤਰ ਵੀ ਖੋਲਣੇ ਹਨ । ਕੇਵਲ ਐਨ੍ਹੀ ਗੱਲ'ਤੇ ਖ਼ੁਸ਼ ਹੋਕੇ ਨਹੀਂ ਬੈਠਣਾ ਕਿ ਅਸੀਂ ਮਸਜਿਦ ਬਣਾ ਲਈ ਹੈ ਹੁਣ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮੰਨ੍ਹਣ ਵਾਲਿਆਂ ਦਾ ਇਹ ਕੰਮ ਹੈ ਕਿ ਆਪਣੇ ਸਾਰੇ ਜਤਨਾਂ ਤੇ ਗੁਣਾ ਨੂੰ ਕੰਮ ਵਿੱਚ ਲਿਆਉਂਦਿਆਂ ਹੋਇਆਂ ਆਪਣੀਆਂ ਹਾਲਤਾਂ ਤੇ ਇਬਾਦਤਾਂ ਨੂੰ, ਉਹਨਾਂ ਮਿਆਰਾਂ ਉਪੱਰ ਲੈਕੇ ਜਾਣਾ ਹੈ ਜੋ ਰੱਬ ਦੇ ਨੇੜੇ ਪ੍ਰਵਾਨ ਯੋਗ ਹਨ ਜਿੰਨ੍ਹਾ ਬਾਰੇ ਸਾਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵਾਰ ਵਾਰ ਧਿਆਨ ਦੁਆਇਆ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਮੌਕੇ ਫ਼ਰਮਾਇਆ ਕਿ ਮਸਜਿਦਾਂ ਦੀ ਅਸਲ ਸੁੰਦਰਤਾ ਇਮਾਰਤਾਂ ਦੀ ਸੁੰਦਰਤਾ ਨਹੀਂ ਹੈ ਸਗੋਂ ਸਗੋਂ ਹਨਾਂਨਮਾਜ਼ੀਆਂ ਨਾਲਹੈ ਜੋ ਨੇਕੀ ਨਾਲ ਨਮਾਜ਼ ਪੜ੍ਹਦੇ ਹਨ । ਫਿਰ ਫ਼ਰਮਾਇਆ ਮਸਜਿਦਾਂ ਵਾਸਤੇ ਹੁਕੁਮ ਹੈ ਤਕਵਾ (ਸੰਜਮਤਾ) ਲਈ ਬਣਾਈਆ ਜਾਣ । ਸੋ, ਨੇਕੀਦੇ ਨਾਲ ਨਮਾਜ਼ਾਂ ਪੜ੍ਹਨਗੇ ਅਤੇ ਸੰਜਮਤਾ ਉਪੱਰਚਲਦਿਆਂ ਹੋਇਆਂ ਜੇਕਰ ਮਸਜਿਦਾਂ ਨੂੰ ਆਬਾਦ ਰਖੱਣਗੇ ਤਾਂ ਇਬਾਦਤਾਂ ਵੀ ਪਰਵਾਨ ਹੋਣਗੀਆਂ ਅਤੇ ਗ਼ੈਰ ਮੁਸਲਮਾਨਾਂ ਵਿੱਚ ਇਸਲਾਮ ਦਾ ਪ੍ਰਚਾਰ ਸਹੀ ਢੰਗ ਨਾਲ ਪਹੁੰਚੇਗਾ । ਹਜ਼ਰਤ ਮਹੰਦ ਸਲਲੱਾਹੁ ਐਹਿ ਵਸਲਮ ਨੇ ਇਕ ਮੌਕੇ ਫ਼ਰਮਾਇਆ ਕਿ ਜੋ ਸਾਡੀ ਮਸਜਿਦ ਵਿੱਚ ਇਸ ਨੇਕ ਨੀਯਤ ਨਾਲ ਦਾਖ਼ਲ ਹੋਵੇਗਾ ਕਿ ਭਲਾਈ ਦੀ ਗੱਲ ਸਿੱਖੇ ਉਹ ਰੱਬ ਦੇ ਮਾਰਗ ਵਿੱਚ ਜਿਹਾਦ ਕਰਨ ਵਾਲਿਆਂ ਵਾਂਗ ਹੋਵੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅੱਜਕਲ ਇਸਲਾਮ ਨੂੰ ਬਦਨਾਮ ਕੀਤਾ ਜਾਂਦਾ ਹੈ ਕਿ ਇਸਲਾਮ ਜਿਹਾਦ ਦੀ ਸਿੱਖਿਆ ਦਿੰਦਾ ਹੈ ਅਤੇ ਕਈ ਮੁਸਲਮਾਨਾ ਦੇ ਅਮਲ ਵੀ ਇਸ ਵੀ ਇਸ ਬਦਨਾਮੀ ਵਿੱਚ ਸ਼ਾਮਲ

ਹਨ, ਪਰੰਤੂ ਹਕੀਕ ਮੋਮਨ ਦਾ ਕੰਮ ਇਹ ਹੈ ਕਿ ਨੇਕੀਆਂ ਕਰਨਾ ਸਿੱਖੇ, ਨੇਕੀਆਂ ਉਪੱਰ ਅਮਲ ਕਰੇ, ਨੇਕੀਆਂ ਫੈਲਾਏ ਤੇ ਸੰਭਵਤਾ ਉਹ ਜਿਹਾਦ ਕਰ ਰਿਹਾ ਹੈ ਅਤੇ ਇਹ ਜਿਹਾਦ ਕਰਨਾ ਅੱਜ ਅਸੀਂ ਅਹਮਦੀਆਂ ਦਾ ਕੰਮ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹਰ ਅਹਮਦੀ ਦੇ ਸਾਹਮਣੇ ਕੇਵਲ ਇਸ ਸੰਸਾਰ ਦੀਆਂ ਖ਼ੁਸ਼ੀਆਂ ਅਤੇ ਇਛੱਾਵਾਂ ਨਹੀਂ ਹੋਣੀਆਂ ਚਾਹੀਦੀਆਂ ਸਗੋਂ ਅਗਲੇ ਜਹਾਨ ਦੀ ਚਿੰਤਾ ਹੋਣ ਚਾਹੀਦੀ ਹੈ । ਉੱਥੋਂ ਦੇ ਉਪਹਾਰ ਤੇ ਲਾਭ ਸਦੈਵੀ ਹਨ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਇਕ ਥਾਂ ਫ਼ਰਮਾਇਆ ਕਿ ਰੱਬ ਵੀ ਮਨੁੱਖ ਦੇ ਅਮਲਾਂ ਦਾ ਰੋਜ਼ਨਾਮਚਾ ਬਣਾਉਂਦਾ ਹੈ । ਸੋ ਮਨੁੱਖ ਨੂੰ ਵੀ ਆਪਣੇ ਹਾਲਾਤਾਂ ਦਾ ਰੋਜ਼ਨਾਮਚਾ ਬਨਾਉਣਾ ਚਾਹੀਦਾ ਹੈ । ਮਨੁੱਖ ਦਾ ਅੱਜ ਤੇ ਕਲ ਬਰਾਬਰ ਨਹੀਹੋਣਾ ਚਾਹੀਦਾ । ਜਿਸਦਾ ਅੱਜ ਤੇ ਕੱਲ ਇਸ ਪੱਖੋਂ ਕਿ ਨੇਕੀ ਵਿੱਚ ਕੀ ਤਰੱਕੀ ਕੀਤੀ ਹੈ ਬਰਾਬਰ ਹੋ ਗਿਆ ਉਹ ਘਾਟੇ ਵਿੱਚ ਹੈ। ਮਨੁੱਖ ਜੇਕਰ ਰੱਬ ਨੂੰ ਮੰਨ੍ਹਣ ਵਾਲਾ ਅਤੇ ਉਸ ਉਪੱਰ ਕਾਮਲ ਇਮਾਨ ਰਖੱਣ ਵਾਲਾ ਹੋਵੇ ਤਾਂ ਕਦੇ ਵੀ ਨਸ਼ਟ ਨਹੀਂ ਕੀਤਾ ਜਾਂਦਾ । ਸੋ, ਇਹ ਬਹੁਤ ਸੋਣ ਦੀ ਥਾਂ ਹੈ । ਰੱਬ ਸਾਡੇ ੳਪੱਰ ਮਿਹਰ ਕਰ ਰਿਹਾ ਹੈ ਤਾਂ ਉਸ ਦਾਸ਼ੁਕਰਾਨਾ ਸਾਡੇ ਉਪੱਰ ਫ਼ਰਜ਼ ਹੈ । ਸੋ, ਉਹ ਲੋਕ ਜੋ ਆਪਣੇ ਸੰਸਾਰਕ ਕਾਰੋਬਾਰ ਕਰਕੇ ਆਪਣੇ ਰੱਬ ਦੇ ਹੱਕ ਨੂੰ ਅਤੇਆਪਣੀਆਂ ਇਬਾਦਤਾਂ ਨੂੰ ਭੁੱਲ ਗਏ ਹਨ ਜਾਂ ਇਸ'ਤੇ ਉਹ ਧਿਆਨ ਨਹੀਂ ਦਿੰਦੇ ਜੋ ਧਿਆਨ ਹੋਣਾ ਚਾਹੀਦਾ ਹੈ ਉਹ ਆਪਣੇ ਜਾਇਜ਼ੇ ਲੈਂਣ ਕਿ ਸਾਡਾ ਬੈਅਤ ਦਾ ਪ੍ਰਣ ਕੀ ਹੈ ਅਤੇ ਸਾਡੇ ਅਮਲ ਕੀ ਹਨ ਅਤੇ ਜੋ ਇੱਥੇ ਨਵੇਂ ਆਏ ਹਨ ਉਹ ਵੀ ਚੇਤੇਰਖੱਣ ਕਿ ਦੁਨੀਆ ਵਿੱਚ ਡੁਬੱਣਾ ਤਰੱਕੀ ਨਹੀਂ ਹੈ ਸਗੋਂ ਤਬਾਹੀ ਹੈ ਅਤੇ ਉਹਨਾਂ ਨੇ ਹਮੇਸ਼ਾ ਇਸ ਗੱਲ ਨੂੰ ਸਾਹਣੇ ਰਖੱਣਾ ਹੈ ਕਿ ਧਰਮ ਨੂੰ ਪ੍ਰਾਥਮਿਕਤਾ ਦੇਣੀ ਹੈ । ਮਸਜਿਦਾਂ ਦੇ ਹੱਕ ਪੂਰੇ ਕਰਨ ਵਾਲੇ ਹੋਣ, ਰੱਬ ਦੀ ਇਬਾਦਤ ਦੇ ਹੱਕ ਪੂਰੇ ਕਰਨ ਵਾਲੇ ਹੋਣ ।ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਕਿ ਚੇਤੇ ਰੱਖੋ ਸਾਡੀ ਜਮਾਤ ਇਸ ਗੱਲ ਲਈ ਨਹੀਂ ਹੈ ਜਿਵੇਂ ਸਾਧਾਰਣ ਦੁਨੀਆਦਾਰ ਜੀਵਨ ਬਤੀਤੀ ਕਰਦੇ ਹਨ । ਸੋ, ਮੈਂ ਤੁਹਾਡੇ ਕੋਲੋਂ ਇਹ ਨਹੀਂ ਚਾਹਓਂਦਾ ਕਿ ਤੁਸੀ ਕੇਵਲ ਮੂੰਹ ਨਾਲ ਹੀ ਇਕਰਾਰ ਕਰੋ ਅਤੇ ਅਮਲਾਂ ਰਾਹੀਂ ਕੁਝ ਨ ਦਿਖਾਓ ਇਹ ਨਿਕੱਮੀ ਹਾਲਤ ਹੈ, ਰੱਬ ਸਿ ਨੂੰ ਪਸੰਦ ਨਹੀਂ ਕਰਦਾ ਅਤੇ ਦੁਨੀਆ ਦੀ ਇਸ ਹਾਲਤ ਨੇ ਹੀ ਤਕਾਦਾ ਕੀਤਾ ਕਿ ਰੱਬ ਨੇ ਮੈਂਨੂੰ ਸੁਧਾਰ ਲਈ ਖੜਾ ਕੀਤਾ । ਚੇਤੇ ਰੱਖੋ ਉਹ ਜਮਾਤ ਜੋ ਰੱਬ ਕਾਇਮ ਕਰਨੀ ਚਾਹੁੰਦਾ ਹੈ ਉਹ ਅਮਲਾਂ ਬਾਝੋਂ ਜੀਉਂਦੀ ਨਹੀਂ ਰਹਿ ਸਕਦੀ। ਇਹ ਉਹ ਮਹਾਨ ਜਮਾਤ ਹੈ ਜਿਸਦੀ ਤਿਆਰੀ ਹਜ਼ਰਤ ਆਦਮ ਦੇ ਸਮੇਂ ਤੋਂ ਸ਼ੁਰੂ ਹੋਈ । ਕੋਈ ਨਬੀ ਦੁਨੀਆ ਵਿੱਚ ਨਹੀਂ ਆਇਆ ਜਿਸਨੇ ਇਸ ਨਿਮੰਤਰਣ ਦੀ ਖ਼ਬਰ ਨ ਦਿੱਤੀ ਹੋਵੇ । ਸੋ, ਇਸ ਦੀ ਕਦਰ ਕਰੋ ਅਤੇ ਇਸਦੀ ਕਦਰ ਇਹੋ ਹੈ ਕਿ ਆਪਣੇ ਅਮਲਾਂ ਰਾਹੀਂ ਸਿੱਧ ਕਰਕੇ ਦਿਖਾਓ ਕਿ ਸਚੱਾਈ ਦਾਦਲ ਤੁਸੀਂ ਹੀ ਹੋ । ਸੋ, ਇਹ ਕੋਈ ਸੌਖਾ ਕੰਮ ਨਹੀਂ ਹੈ । ਬਹੁਤ ਚਿੰਤਾ ਨਾਲ ਇਸ ਵੱਲ ਧਿਆਨ ਦੀ ਲੋੜ ਹੈ । ਹਮੇਸ਼ਾ ਚੇਤੇ ਰਖੱਣਾ ਚਾਹੀਦਾ ਹੈ ਕਿ ਦੁਨੀਆ ਜਾਂ ਦੁਨੀਆ ਦੀ ਦੌਲਤ ਸਾਡੀ ਜਾਂ ਸਾਡੀ ਨਸਲਾਂ ਦੇ ਜੀਵਨ ਦੀ ਜ਼ਮਾਨਤ ਨਹੀਂ ਹੈ ਸਗੋਂ ਦੋਵੇਂ ਜਹਾਨਾਂ ਵਿੱਚ ਰੱਬ ਦੀਆਂਮਿਹਰਾਂ ਅਤੇਰਹਿਮਤਾਂ ਨੂੰ ਹਾਸਲ ਕਰਨ ਲਈ ਰੱਬ ਨਾਲ ਸੰਬੰਧ ਪੈਦਾ ਕਰਨਾ ਜੀਵਨ ਦੀ ਜ਼ਮਾਨਤ ਹੈ, ਉਸ ਦੇ ਆਦੇਸ਼ਾਂ ਉਪੱਰ ਚਲ੍ਹਣਾ ਜੀਵਨ ਦੀ ਜ਼ਮਾਨਤ ਹੈ । ਅਲੱਾਹ ਤਆਲਾ ਹਰ ਇਕ ਨੂੰ ਇਸ ਅਨੁਸਾਰ ਜੀਵਨ ਲੰਘਾਉਰ ਦਾ ਸੰਜੋਗ ਪ੍ਰਦਾਨ ਕਰੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਮੈਂ ਕੁਝ ਥੋੜਾ ਜਿਹਾ ਮਸਜਿਦ ਦਾ ਵਿਸਥਾਰ ਬਿਆਨ ਕਰ ਦਿੰਦਾ ਹਾਂ ਇਸ ਮਸਜਿਦ ਦੀ ਭੌਇ 2007ਈ. ਵਿੱਚ ਖ਼ਰੀਦੀ ਗਈ ਸੀ । 2013 ਈ. ਇਸਦਾ ਕੰਮ ਅਰੰਭ ਹੋਇਆ ਅਤਾਹੁਣ ਇਹ ਮਸਜਿਦ ਇਸ ਸਾਲ ਪੂਰਨ ਹੋਈ ਹੈ । 8.1 ਮਿਲੀਯਨ ਡਾਲਰ ਖ਼ਰਚ ਹੋਏ ਸਨ, ਜਿਸ ਵਿੱਚ ਵਿੱਚੋਂ ਲੋਕਲ

ਨੇ ਦੋ ਮਿਲੀਯਨ ਅਤੇ ਤਰਤਾਲੀ ਲੱਖ ਪੰਜ ਹਜ਼ਾਰ ਤੋਂ ਕੁਝ ਉਪੱਰ ਡਾਲਰ ਦਿੱਤੇ । ਇਕ ਮਿਲੀਯਨ ਚੌਵੀ ਲੱਖ ਤੋਂ ਅਮਰੀਕਾ ਦੀਆਂ ਬਾਕੀ ਜਾਮਤਾਂ ਨੇਇਸ ਲਈ ਦਿੱਤੇ ਅਤੇ ਚਾਰ ਮਿਲੀਯਨ ਸੰਤਾਲੀ ਲੱਖ ਤੋਂ ਉਪੱਰ ਨੈਸ਼ਨਲ ਹੈਡਕਵਾਟਰ ਨੇ ਦਿੱਤੇ । ਇਸ ਦਾ ਕੁਲ ਰਕਬਾ ਚਾਰ ਏਕੜ ਹੈ । ਮਸਜਿਦ ਵਾਲਾ ਭਾਗ ਦੋ ਮੰਜ਼ਲਾ ਹੈ, ਪੁਰੁਸ਼ਾਂ ਤੇ ਇਸਤਰੀਆਂ ਦਾ ਇਕ ਵਡੱਾ ਹਾਲ ਹੈ ਜੋ ਕਿ ਪੰਜ ਹਜ਼ਾਰ ਮੁਰਬੱਾ ਫ਼ੁੱਟ'ਤੇ ਅਧਾਰਤ ਹੈ ।

ਅਲੱਾਹ ਤਆਲਾ ਕਰੇ ਹਰ ਅਹਮਦੀ ਮਸਜਿਦ ਉਸਾਰੀ ਦੇ ਉਦੇਸ਼ ਨੂੰ ਪੂਰਾ ਕਰਨ ਵਾਲਾ ਹੋਵੇ ਅਤੇ ਇਹ ਮਸਜਿਦ ਇਸ ਖੇਤਰ ਵਿੱਚ ਇਸਲਾਮ ਦਾ ਹਕੀਕੀ ਸੰਦੇਸ਼ ਪਹੁੰਚਾਉਣ ਵਿੱਚ ਮਾਰਗ ਦਰਸ਼ਨੀ ਹੋਵੇ ।

**Khulasa Khutba Jumma 12.10.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131